ਮਿੱਠੇ ਬੱਚੇ:- ਜੋ ਸੰਕਲਪ ਈਸ਼ਵਰੀ ਸੇਵਾ ਅਰਥ ਚਲਦਾ ਹੈ , ਉਸ ਨੂੰ ਸ਼ੁੱਧ ਸੰਕਲਪ ਜਾਂ ਨਿਰਸੰਕਲਪ ਹੀ ਕਹਾਂਗੇ , ਵਿਅਰਥ ਨਹੀਂ "

ਪ੍ਰਸ਼ਨ:- ਵਿਕਰਮਾਂ ਤੋਂ ਬਚਣ ਦੇ ਲਈ ਕਿਹੜਾ ਫਰਜ਼ - ਅਦਾਈ ਪਾਲਣ ਕਰਦੇ ਵੀ ਅਨਾਸਕਤ ਰਹੋ?

ਉੱਤਰ:- ਮਿੱਤਰ ਸੰਬੰਧੀਆਂ ਦੀ ਸਰਵਿਸ ਭਾਵੇਂ ਕਰੋ ਪਰ ਅਲੌਕਿਕ ਈਸ਼ਵਰੀ ਦ੍ਰਿਸ਼ਟੀ ਰੱਖਕੇ ਕਰੋ, ਉਨ੍ਹਾਂ ਵਿਚ ਮੋਹ ਦੀ ਰਗ ਨਹੀਂ ਜਾਣੀ ਚਾਹੀਦੀ। ਜੇਕਰ ਕਿਸੇ ਵਿਕਾਰੀ ਸੰਬੰਧ ਨਾਲ ਸੰਕਲਪ ਵੀ ਚਲਦਾ ਹੈ ਤਾਂ ਉਹ ਵਿਕਰਮ ਬਣ ਜਾਂਦਾ ਹੈ ਇਸਲਈ ਅਨਾਸਕਤ ਹੋਕੇ ਫਰਜ਼ਅਦਾਈ ਪਾਲਣ ਕਰੋ। ਜਿੰਨਾ ਹੋ ਸਕੇ ਦੇਹੀ - ਅਭਿਮਾਨੀ ਰਹਿਣ ਦਾ ਪੁਰਸ਼ਾਰਥ ਕਰੋ।

ਓਮ ਸ਼ਾਂਤੀ। ਅੱਜ ਤੁਸੀਂ ਬੱਚਿਆਂ ਨੂੰ ਸੰਕਲਪ, ਵਿਕਲਪ, ਨਿਰਸੰਕਲਪ ਅਥਵਾ ਕਰਮ, ਅਕਰਮ ਅਤੇ ਵਿਕਰਮ ਤੇ ਸਮਝਾਇਆ ਜਾਂਦਾ ਹੈ। ਜੱਦ ਤੱਕ ਤੁਸੀਂ ਇੱਥੇ ਹੋ ਉਦੋਂ ਤੱਕ ਤੁਹਾਡੇ ਸੰਕਲਪ ਜਰੂਰ ਚੱਲਣਗੇ। ਸੰਕਲਪ ਧਾਰਨ ਕੀਤੇ ਬਿਨਾ ਕੋਈ ਮਨੁੱਖ ਇੱਕ ਸੈਕਿੰਡ ਵੀ ਰਹਿ ਨਹੀਂ ਸਕਦਾ ਹੈ। ਹੁਣ ਇਹ ਸੰਕਲਪ ਇੱਥੇ ਵੀ ਚੱਲਣਗੇ, ਸਤਿਯੁਗ ਵਿੱਚ ਚੱਲਣਗੇ ਅਤੇ ਅਗਿਆਨਕਾਲ ਵਿੱਚ ਵੀ ਚਲਦੇ ਹਨ ਪਰ ਗਿਆਨ ਵਿਚ ਆਉਣ ਨਾਲ ਸੰਕਲਪ, ਸੰਕਲਪ ਨਹੀਂ, ਕਿਓਂਕਿ ਤੁਸੀਂ ਪਰਮਾਤਮਾ ਦੀ ਸੇਵਾ ਅਰਥ ਨਿਮਿਤ ਬਣੇ ਹੋ ਤਾਂ ਜੋ ਯੱਗ ਅਰਥ ਸੰਕਲਪ ਚਲਦਾ ਉਹ ਸੰਕਲਪ, ਸੰਕਲਪ ਨਹੀਂ ਉਹ ਨਿਰਸੰਕਲਪ ਹੀ ਹੈ। ਬਾਕੀ ਜੋ ਫਾਲਤੂ ਸੰਕਲਪ ਚਲਦੇ ਹਨ ਮਤਲਬ ਕਲਯੁਗੀ ਸੰਸਾਰ ਅਤੇ ਕਲਯੁਗੀ ਮਿੱਤਰ ਸੰਬੰਧੀਆਂ ਦੇ ਪ੍ਰਤੀ ਚਲਦੇ ਹਨ ਉਹ ਵਿਕਲਪ ਕਹੇ ਜਾਂਦੇ ਹਨ ਜਿਸ ਨਾਲ ਹੀ ਵਿਕਰਮ ਬਣਦੇ ਹਨ ਅਤੇ ਵਿਕਰਮਾਂ ਨਾਲ ਦੁੱਖ ਪ੍ਰਾਪਤ ਹੁੰਦਾ ਹੈ। ਬਾਕੀ ਜੋ ਯਗਿਆ ਪ੍ਰਤੀ ਅਤੇ ਈਸ਼ਵਰੀ ਸੇਵਾ ਪ੍ਰਤੀ ਸੰਕਲਪ ਚਲਦਾ ਹੈ ਉਹ ਗੋਇਆ ਨਿਰਸੰਕਲਪ ਹੋ ਗਿਆ। ਸ਼ੁੱਧ ਸੰਕਲਪ ਸਰਵਿਸ ਪ੍ਰਤੀ ਭਾਵੇਂ ਚਲਨ। ਵੇਖੋ, ਬਾਬਾ ਇੱਥੇ ਬੈਠਾ ਹੈ ਤੁਸੀਂ ਬੱਚਿਆਂ ਨੂੰ ਸੰਭਾਲਣ ਅਰਥ। ਉਸ ਦੀ ਸਰਵਿਸ ਕਰਨ ਅਰਥ ਮਾਂ ਬਾਪ ਦਾ ਸੰਕਲਪ ਜਰੂਰ ਚਲਦਾ ਹੈ। ਪਰ ਇਹ ਸੰਕਲਪ, ਸੰਕਲਪ ਨਹੀਂ ਇਸ ਨਾਲ ਵਿਕਰਮ ਨਹੀਂ ਬਣਦਾ ਹੈ ਪਰ ਜੇਕਰ ਕਿਸੇ ਦਾ ਵਿਕਾਰੀ ਸੰਬੰਧ ਪ੍ਰਤੀ ਸੰਕਲਪ ਚਲਦਾ ਹੈ ਤਾਂ ਉਨ੍ਹਾਂਦਾ ਵਿਕਰਮ ਜਰੂਰ ਹੀ ਬਣਦਾ ਹੈ।

ਬਾਬਾ ਤੁਸੀਂ ਬੱਚਿਆਂ ਨੂੰ ਕਹਿੰਦੇ ਹਨ ਕਿ ਮਿੱਤਰ ਸੰਬੰਧੀਆਂ ਦੀ ਸਰਵਿਸ ਭਾਵੇਂ ਕਰੋ ਪਰ ਅਲੌਕਿਕ ਈਸ਼ਵਰੀ ਦ੍ਰਿਸ਼ਟੀ ਨਾਲ। ਉਹ ਮੋਹ ਦੀ ਰਗ ਨਹੀਂ ਆਉਣੀ ਚਾਹੀਦੀ ਹੈ। ਅਨਾਸਕਤ ਹੋਕੇ ਆਪਣੀ ਫਰਜ਼ - ਅਦਾਈ ਪਾਲਣ ਕਰਨੀ ਚਾਹੀਦੀ ਹੈ। ਪਰ ਜੇ ਕੋਈ ਇੱਥੇ ਹੁੰਦੇ ਹੋਏ ਕਰਮ ਸੰਬੰਧ ਵਿੱਚ ਹੁੰਦੇ ਹੋਏ ਉਨ੍ਹਾਂ ਨੂੰ ਨਹੀਂ ਕੱਟ ਸਕਦੇ ਤਾਂ ਵੀ ਉਨ੍ਹਾਂ ਨੂੰ ਪਰਮਾਤਮਾ ਨੂੰ ਨਹੀਂ ਛੱਡਣਾ ਚਾਹੀਦਾ। ਹੱਥ ਫੜਿਆ ਹੋਵੇਗਾ ਤਾਂ ਕੁਝ ਨਾ ਕੁਝ ਪਦ ਪ੍ਰਾਪਤ ਕਰ ਲੈਣਗੇ। ਹੁਣ ਇਹ ਤਾਂ ਹਰ ਇੱਕ ਆਪਣੇ ਨੂੰ ਜਾਣਦੇ ਹੈ ਕਿ ਮੇਰੇ ਵਿਚ ਕਿਹੜਾ ਵਿਕਾਰ ਹੈ। ਜੇਕਰ ਕਿਸੇ ਵਿੱਚ ਇੱਕ ਵੀ ਵਿਕਾਰ ਹੈ ਤਾਂ ਉਹ ਦੇਹ - ਅਭਿਮਾਨੀ ਜਰੂਰ ਠਹਿਰਿਆ, ਜਿਸ ਵਿੱਚ ਵਿਕਾਰ ਨਹੀਂ ਉਹ ਠਹਿਰਿਆ ਦੇਹੀ - ਅਭਿਮਾਨੀ। ਕਿਸੇ ਵਿੱਚ ਕੋਈ ਵੀ ਵਿਕਾਰ ਹੈ ਤਾਂ ਉਹ ਸਜ਼ਾਵਾਂ ਜਰੂਰ ਖਾਣਗੇ ਅਤੇ ਜੋ ਵਿਕਾਰਾਂ ਤੋਂ ਰਹਿਤ ਹਨ, ਉਹ ਸਜ਼ਾਵਾਂ ਤੋਂ ਮੁਕਤ ਹੋ ਜਾਣਗੇ। ਜਿਵੇਂ ਵੇਖੋ ਕੋਈ - ਕੋਈ ਬੱਚੇ ਹਨ, ਜਿਨ੍ਹਾਂ ਵਿੱਚ ਨਾ ਕਾਮ ਹੈ, ਨਾ ਗੁੱਸਾ ਹੈ, ਨਾ ਲੋਭ ਹੈ, ਨਾ ਮੋਹ ਹੈ..., ਉਹ ਸਰਵਿਸ ਬਹੁਤ ਚੰਗੀ ਕਰ ਸਕਦੇ ਹਨ। ਹੁਣ ਉਨ੍ਹਾਂ ਦੀ ਬਹੁਤ ਗਿਆਨ ਵਿਗਿਆਨਮਯ ਅਵਸਥਾ ਹੈ। ਉਹ ਤਾਂ ਤੁਸੀਂ ਸਭ ਵੀ ਵੋਟ ਦੇਵੋਗੇ। ਹੁਣ ਇਹ ਤਾਂ ਜਿਵੇਂ ਮੈਂ ਜਾਣਦਾ ਹਾਂ ਉਵੇਂ ਤੁਸੀਂ ਬੱਚੇ ਵੀ ਜਾਣਦੇ ਹੋ, ਚੰਗੇ ਨੂੰ ਸਭ ਚੰਗਾ ਕਹਿਣਗੇ, ਜਿਸ ਵਿੱਚ ਕੁਝ ਖਾਮੀ ਹੋਵੇਗੀ ਉਨ੍ਹਾਂ ਨੂੰ ਸਾਰੇ ਉਹ ਹੀ ਵੋਟ ਦੇਣਗੇ। ਹੁਣ ਇਹ ਨਿਸ਼ਚਾ ਕਰਨਾ ਜਿਨ੍ਹਾਂ ਵਿੱਚ ਕੋਈ ਵਿਕਾਰ ਹੈ ਉਹ ਸਰਵਿਸ ਨਹੀਂ ਕਰ ਸਕਦੇ। ਜੋ ਵਿਕਾਰ ਪ੍ਰਫ਼ ਹਨ ਉਹ ਸਰਵਿਸ ਕਰ ਹੋਰਾਂ ਨੂੰ ਆਪ ਸਮਾਨ ਬਣਾ ਸਕਣਗੇ ਇਸਲਈ ਵਿਕਾਰਾਂ ਤੇ ਪੂਰਨ ਜਿੱਤ ਚਾਹੀਦੀ ਹੈ, ਵਿਕਲਪ ਤੇ ਪੂਰੀ ਜਿੱਤ ਚਾਹੀਦੀ ਹੈ। ਈਸ਼ਵਰ ਅਰਥ ਸੰਕਲਪ ਨੂੰ ਨਿਰਸੰਕਲਪ ਰੱਖਿਆ ਜਾਵੇਗਾ।

ਅਸਲ ਵਿੱਚ ਨਿਰਸੰਕਲਪਤਾ ਉਸੀ ਨੂੰ ਕਿਹਾ ਜਾਂਦਾ ਹੈ ਜੋ ਸੰਕਲਪ ਚੱਲੇ ਹੀ ਨਹੀਂ, ਦੁਖ ਸੁਖ ਤੋਂ ਨਿਆਰਾ ਹੋ ਜਾਵੇ, ਉਹ ਤਾਂ ਅੰਤ ਵਿਚ ਜੱਦ ਤੁਸੀਂ ਹਿਸਾਬ - ਕਿਤਾਬ ਚੁਕਤੂ ਕਰ ਚਲੇ ਜਾਂਦੇ ਹੋ, ਉੱਥੇ ਦੁੱਖ ਸੁਖ ਤੋਂ ਨਿਆਰੀ ਅਵਸਥਾ ਵਿੱਚ, ਤਾਂ ਕੋਈ ਸੰਕਲਪ ਨਹੀਂ ਚਲਦਾ। ਉਸ ਸਮੇਂ ਕਰਮ ਅਕਰਮ ਦੋਵਾਂ ਤੋਂ ਪਰੇ ਅਕਰਮੀ ਅਵਸਥਾ ਵਿਚ ਰਹਿੰਦੇ ਹੋ।

ਇੱਥੇ ਤੁਹਾਡਾ ਸੰਕਲਪ ਜਰੂਰ ਚੱਲੇਗਾ ਕਿਓਂਕਿ ਤੁਸੀਂ ਸਾਰੀ ਦੁਨੀਆਂ ਨੂੰ ਸ਼ੁੱਧ ਬਣਾਉਣ ਅਰਥ ਨਿਮਿਤ ਬਣੇ ਹੋਏ ਹੋ ਤਾਂ ਉਸ ਦੇ ਲਈ ਤੁਹਾਡੇ ਸ਼ੁੱਧ ਸੰਕਲਪ ਜਰੂਰ ਚੱਲਣਗੇ। ਸਤਿਯੁਗ ਵਿੱਚ ਸ਼ੁੱਧ ਸੰਕਲਪ ਚੱਲਣ ਦੇ ਕਾਰਨ ਸੰਕਲਪ, ਸੰਕਲਪ ਨਹੀਂ, ਕਰਮ ਕਰਦੇ ਵੀ ਕਰਮਬੰਧਨ ਨਹੀਂ ਬਣਦਾ। ਸਮਝਿਆ। ਹੁਣ ਕਰਮ, ਅਕਰਮ ਅਤੇ ਵਿਕਰਮ ਦੀ ਗਤੀ ਤਾਂ ਪਰਮਾਤਮਾ ਹੀ ਸਮਝਾ ਸਕਦਾ ਹੈ। ਉਹ ਹੀ ਵਿਕਰਮ ਤੋਂ ਛੁਡਾਉਣ ਵਾਲਾ ਹੈ ਜੋ ਇਸ ਸੰਗਮ ਤੇ ਤੁਹਾਨੂੰ ਪੜ੍ਹਾ ਰਹੇ ਹਨ ਇਸਲਈ ਬੱਚੇ ਆਪਣੇ ਉਪਰ ਬਹੁਤ ਹੀ ਸਾਵਧਾਨੀ

ਰੱਖੋ। ਆਪਣੇ ਹਿਸਾਬ - ਕਿਤਾਬ ਨੂੰ ਵੀ ਵੇਖਦੇ ਰਹੋ। ਤੁਸੀਂ ਇੱਥੇ ਆਏ ਹੋ ਹਿਸਾਬ - ਕਿਤਾਬ ਚੁਕਤੂ ਕਰਨ। ਇਵੇਂ ਤਾਂ ਨਹੀਂ ਇੱਥੇ ਆਕੇ ਵੀ ਹਿਸਾਬ - ਕਿਤਾਬ ਬਣਾਉਂਦੇ ਜਾਓ ਤਾਂ ਸਜ਼ਾ ਖਾਣੀ ਪਵੇ। ਇਹ ਗਰਭ ਜੇਲ ਦੀ ਸਜਾ ਕੋਈ ਘੱਟ ਨਹੀਂ ਹੈ। ਇਸ ਕਾਰਨ ਬਹੁਤ ਹੀ ਪੁਰਸ਼ਾਰਥ ਕਰਨਾ ਹੈ। ਇਹ ਮੰਜ਼ਿਲ ਬਹੁਤ ਭਾਰੀ ਹੈ ਇਸਲਈ ਸਾਵਧਾਨੀ ਨਾਲ ਚਲਣਾ ਚਾਹੀਦਾ ਹੈ। ਵਿਕਲਪਾਂ ਦੇ ਉੱਪਰ ਜਿੱਤ ਪਾਉਣੀ ਹੈ ਜਰੂਰ। ਹੁਣ ਕਿਥੋਂ ਤੱਕ ਤੁਸੀਂ ਵਿਕਲਪਾਂ ਤੇ ਜਿੱਤ ਪਾਈ ਹੈ, ਕਿਥੋਂ ਤੱਕ ਇਸ ਨਿਰਸੰਕਲਪ ਮਤਲਬ ਦੁੱਖ ਸੁਖ ਤੋਂ ਨਿਆਰੀ ਅਵਸਥਾ ਵਿੱਚ ਰਹਿੰਦੇ ਹੋ, ਇਹ ਤੁਸੀਂ ਆਪਣੇ ਨੂੰ ਜਾਣਦੇ ਰਹੋ। ਜੋ ਖ਼ੁਦ ਨੂੰ ਨਹੀਂ ਸਮਝ ਸਕਦੇ ਹਨ ਉਹ ਮੰਮਾ, ਬਾਬਾ ਤੋਂ ਪੁੱਛ ਸਕਦੇ ਹਨ ਕਿਉਂਕਿ ਤੁਸੀਂ ਤਾਂ ਉਨ੍ਹਾਂ ਦੇ ਵਾਰਿਸ ਹੋ, ਤਾਂ ਉਹ ਦੱਸ ਸਕਦੇ ਹਨ।

ਨਿਰਸੰਕਲਪ ਅਵਸਥਾ ਵਿੱਚ ਰਹਿਣ ਨਾਲ ਤੁਸੀਂ ਆਪਣੇ ਤਾਂ ਕੀ, ਕਿਸੇ ਵੀ ਵਿਕਾਰੀ ਦੇ ਵਿਕਰਮਾਂ ਨੂੰ ਦਬਾ ਸਕਦੇ ਹੋ, ਕੋਈ ਵੀ ਕਾਮੀ ਪੁਰਸ਼ ਤੁਹਾਡੇ ਸਾਹਮਣੇ ਆਵੇਗਾ, ਤਾਂ ਉਸ ਦਾ ਵਿਕਾਰੀ ਸੰਕਲਪ ਨਹੀਂ ਚੱਲੇਗਾ। ਜਿਵੇਂ ਕੋਈ ਦੇਵਤਾ ਦੇ ਕੋਲ ਜਾਂਦਾ ਹੈ ਤਾਂ ਉਨ੍ਹਾਂ ਦੇ ਸਾਹਮਣੇ ਉਹ ਸ਼ਾਂਤ ਹੋ ਜਾਂਦਾ ਹੈ, ਉਵੇਂ ਤੁਸੀਂ ਵੀ ਗੁਪਤ ਰੂਪ ਵਿੱਚ ਦੇਵਤੇ ਹੋ। ਤੁਹਾਡੇ ਅੱਗੇ ਵੀ ਕਿਸੇ ਦਾ ਵਿਕਾਰੀ ਸੰਕਲਪ ਨਹੀਂ ਚਲ ਸਕਦਾ ਹੈ, ਪਰ ਇਵੇਂ ਬਹੁਤ ਕਾਮੀ ਪੁਰਸ਼ ਹਨ ਜਿਨ੍ਹਾਂ ਦਾ ਕੁਝ ਸੰਕਲਪ ਜੇਕਰ ਚੱਲੇਗਾ ਤਾਂ ਵੀ ਵਾਰ ਨਹੀਂ ਕਰ ਸਕੇਗਾ, ਜੇ ਤੁਸੀਂ ਯੋਗਯੁਕਤ ਹੋਕੇ ਖੜੇ ਰਹੋਗੇ ਤਾਂ।

ਵੇਖੋ, ਬੱਚੇ ਤੁਸੀਂ ਇੱਥੇ ਆਏ ਹੋ ਪਰਮਾਤਮਾ ਨੂੰ ਵਿਕਾਰਾਂ ਦੀ ਅਹੂਤੀ ਦੇਣ ਪਰ ਕਿਸੇ - ਕਿਸੇ ਨੇ ਹੁਣ ਕਾਇਦੇਸਿਰ ਅਹੂਤੀ ਨਹੀਂ ਦਿੱਤੀ ਹੈ। ਉਨ੍ਹਾਂ ਦਾ ਯੋਗ ਪਰਮਪਿਤਾ ਨਾਲ ਜੁਟਿਆ ਹੋਇਆ ਨਹੀਂ ਹੈ। ਸਾਰਾ ਦਿਨ ਬੁੱਧੀਯੋਗ ਭਟਕਦਾ ਰਹਿੰਦਾ ਹੈ ਮਤਲਬ ਦੇਹੀ - ਅਭਿਮਾਨੀ ਨਹੀਂ ਬਣੇ ਹਨ। ਦੇਹ - ਅਭਿਮਾਨੀ ਹੋਣ ਦੇ ਕਾਰਨ ਕਿਸੇ ਦੇ ਸੁਭਾਵ ਵਿੱਚ ਆ ਜਾਂਦੇ ਹਨ, ਜਿਸ ਕਾਰਨ ਪਰਮਾਤਮਾ ਨਾਲ ਪ੍ਰੀਤ ਨਿਭਾ ਨਹੀਂ ਸਕਦੇ ਹਨ ਮਤਲਬ ਪਰਮਾਤਮਾ ਅਰਥ ਸਰਵਿਸ ਕਰਨ ਦੇ ਅਧਿਕਾਰੀ ਨਹੀਂ ਬਣ ਸਕਦੇ ਹਨ। ਤਾਂ ਜੋ ਪਰਮਾਤਮਾ ਤੋਂ ਸਰਵਿਸ ਲੈ ਫਿਰ ਸਰਵਿਸ ਕਰ ਰਹੇ ਹਨ ਮਤਲਬ ਪਤਿਤਾਂ ਨੂੰ ਪਾਵਨ ਕਰ ਰਹੇ ਹਨ ਉਹ ਹੀ ਮੇਰੇ ਸੱਚੇ ਪੱਕੇ ਬੱਚੇ ਹਨ। ਉਨ੍ਹਾਂ ਨੂੰ ਬਹੁਤ ਭਾਰੀ ਪਦ ਮਿਲਦਾ ਹੈ।

ਹੁਣ ਪਰਮਾਤਮਾ ਆਪ ਆਕੇ ਤੁਹਾਡਾ ਬਾਪ ਬਣਿਆ ਹੈ। ਉਸ ਬਾਪ ਨੂੰ ਸਾਧਾਰਨ ਰੂਪ ਵਿੱਚ ਨਾ ਜਾਣਕੇ ਕੋਈ ਵੀ ਪ੍ਰਕਾਰ ਦਾ ਸੰਕਲਪ ਉਤਪੰਨ ਕਰਨਾ ਗੋਇਆ ਵਿਨਾਸ਼ ਨੂੰ ਪ੍ਰਾਪਤ ਹੋਣਾ। ਹੁਣ ਉਹ ਸਮੇਂ ਆਵੇਗਾ ਜੋ 108 ਗਿਆਨ ਗੰਗਾਵਾਂ ਪੂਰਨ ਅਵਸਥਾ ਨੂੰ ਪ੍ਰਾਪਤ ਕਰਣਗੀਆਂ। ਬਾਕੀ ਜੋ ਪੜ੍ਹੇ ਹੋਏ ਨਹੀਂ ਹੋਣਗੇ ਉਹ ਤਾਂ ਆਪਣੀ ਹੀ ਬਰਬਾਦੀ ਕਰਣਗੇ।

ਇਹ ਨਿਸ਼ਚੈ ਜਾਨਣਾ ਜੋ ਕੋਈ ਇਸ ਈਸ਼ਵਰੀ ਯੱਗ ਵਿੱਚ ਛਿਪਕੇ ਕੰਮ ਕਰਦਾ ਹੈ ਤਾਂ ਉਨ੍ਹਾਂ ਨੂੰ ਜਾਣੀ ਜਾਨਣਹਾਰ ਬਾਬਾ ਵੇਖ ਲੈਂਦਾ ਹੈ, ਉਹ ਫਿਰ ਆਪਣੇ ਸਾਕਾਰ ਸਵਰੂਪ ਬਾਬਾ ਨੂੰ ਟੱਚ ਕਰਦਾ ਹੈ, ਸਾਵਧਾਨੀ ਦੇਣ ਅਰਥ। ਤਾਂ ਕੋਈ ਵੀ ਗੱਲ ਛਿਪਾਣੀ ਨਹੀਂ ਚਾਹੀਦੀ। ਭਾਵੇਂ ਭੁੱਲਾਂ ਹੁੰਦੀਆਂ ਹਨ ਪਰ ਉਨ੍ਹਾਂ ਨੂੰ ਦੱਸਣ ਨਾਲ ਹੀ ਅੱਗੇ ਦੇ ਲਈ ਬੱਚ ਸਕਦੇ ਹਨ ਇਸਲਈ ਬੱਚੇ ਸਾਵਧਾਨ ਰਹਿਣਾ।

ਬੱਚਿਆਂ ਨੂੰ ਪਹਿਲੇ ਆਪਣੇ ਨੂੰ ਸਮਝਣਾ ਚਾਹੀਦਾ ਹੈ ਕਿ ਮੈ ਕੌਣ ਹਾਂ, ਵੱਟ ਐਮ ਆਈ। "ਮੈ" ਸ਼ਰੀਰ ਨੂੰ ਨਹੀਂ ਕਹਿੰਦੇ, ਮੈਂ ਕਹਿੰਦੇ ਹਨ ਆਤਮਾ ਨੂੰ। ਮੈਂ ਆਤਮਾ ਕਿੱਥੋਂ ਤੋਂ ਆਇਆ ਹਾਂ? ਕਿਸ ਦੀ ਸੰਤਾਨ ਹਾਂ? ਆਤਮਾ ਨੂੰ ਜੱਦ ਇਹ ਪਤਾ ਪੈ ਜਾਏ ਕਿ ਮੈਂ ਆਤਮਾ ਪਰਮਪਿਤਾ ਪਰਮਾਤਮਾ ਦੀ ਸੰਤਾਨ ਹਾਂ ਤੱਦ ਆਪਣੇ ਬਾਪ ਨੂੰ ਯਾਦ ਕਰਨ ਨਾਲ ਖੁਸ਼ੀ ਆ ਜਾਵੇ। ਬੱਚੇ ਨੂੰ ਖੁਸ਼ੀ ਉਦੋਂ ਆਉਂਦੀ ਹੈ ਜੱਦ ਬਾਪ ਦੇ ਆਕੂਪੇਸ਼ਨ ਨੂੰ ਜਾਣਦਾ ਹੈ। ਜੱਦ ਤੱਕ ਛੋਟਾ ਹੈ, ਬਾਪ ਦੇ ਆਕੂਪੇਸ਼ਨ ਨੂੰ ਨਹੀਂ ਜਾਣਦਾ ਤੱਦ ਤੱਕ ਇੰਨੀ ਖੁਸ਼ੀ ਨਹੀਂ ਰਹਿੰਦੀ। ਜਿਵੇਂ ਵੱਡਾ ਹੁੰਦਾ ਜਾਂਦਾ, ਬਾਪ ਦੇ ਆਕੂਪੇਸ਼ਨ ਦਾ ਪਤਾ ਪੈ ਜਾਂਦਾ ਤਾਂ ਉਹ ਨਸ਼ਾ, ਉਹ ਖੁਸ਼ੀ ਚੜ੍ਹਦੀ ਜਾਂਦੀ ਹੈ। ਤਾਂ ਪਹਿਲੇ ਉਨ੍ਹਾਂ ਦੇ ਆਕੂਪੇਸ਼ਨ ਨੂੰ ਜਾਨਣਾ ਹੈ ਕਿ ਸਾਡਾ ਬਾਬਾ ਕੌਣ ਹੈ? ਉਹ ਕਿੱਥੇ ਰਹਿੰਦਾ ਹੈ? ਜੇਕਰ ਕਹਿਣ ਆਤਮਾ ਉਸ ਵਿੱਚ ਮਰਜ ਹੋ ਜਾਵੇਗੀ ਤਾਂ ਆਤਮਾ ਵਿਨਾਸ਼ੀ ਹੋ ਗਈ ਤਾਂ ਖੁਸ਼ੀ ਕਿਸ ਨੂੰ ਆਵੇਗੀ।

ਤੁਹਾਡੇ ਕੋਲ ਜੋ ਨਵੇਂ ਜਿਗਿਆਸੂ ਆਉਂਦੇ ਹਨ ਉਨ੍ਹਾਂ ਨੂੰ ਪੁੱਛਣਾ ਚਾਹੀਦਾ ਕਿ ਤੁਸੀਂ ਇੱਥੇ ਕੀ ਪੜ੍ਹਦੇ ਹੋ? ਇਸ ਤੋਂ ਕੀ ਸਟੇਟਸ ਮਿਲਦੀ ਹੈ? ਉਸ ਕਾਲੇਜ ਵਿੱਚ ਤਾਂ ਪੜ੍ਹਨ ਵਾਲੇ ਦੱਸਦੇ ਹਨ ਕਿ ਅਸੀਂ ਡਾਕਟਰ ਬਣ ਰਹੇ ਹਾਂ, ਇੰਜੀਨਿਅਰ ਬਣ ਰਹੇ ਹਾਂ...ਤਾਂ ਉਨ੍ਹਾਂ ਤੇ ਵਿਸ਼ਵਾਸ ਕਰਾਂਗੇ ਨਾ ਕਿ ਇਹ ਬਰੋਬਰ ਪੜ੍ਹ ਰਹੇ ਹਨ। ਇੱਥੇ ਵੀ ਸਟੂਡੈਂਟਸ ਦੱਸਦੇ ਹਨ ਕਿ ਇਹ ਹੈ ਦੁੱਖ ਦੀ ਦੁਨੀਆਂ ਜਿਸ ਨੂੰ ਨਰਕ, ਹੇਲ ਅਥਵਾ ਡੇਵਲ ਵਰਲਡ ਕਹਿੰਦੇ ਹਨ। ਉਨ੍ਹਾਂ ਦੇ ਅਗੇਂਸਟ ਹੈ ਹੈਵਿਨ ਅਤੇ ਡੀਟੀ ਵਰਲਡ, ਜਿਸ ਨੂੰ ਸੁਰਗ ਕਹਿੰਦੇ ਹਨ। ਇਹ ਤਾਂ ਸਾਰੇ ਜਾਣਦੇ ਹਨ, ਸਮਝ ਵੀ ਸਕਦੇ ਹਨ ਕਿ ਇਹ ਉਹ ਸੁਰਗ ਨਹੀਂ ਹੈ, ਇਹ ਨਰਕ ਹੈ ਅਤੇ ਦੁੱਖ ਦੀ ਦੁਨੀਆਂ ਹੈ, ਪਾਪ ਆਤਮਾਵਾਂ ਦੀ ਦੁਨੀਆਂ ਹੈ ਤਾਂ ਹੀ ਤੇ ਉਸ ਨੂੰ ਪੁਕਾਰਦੇ ਹਨ ਕਿ ਸਾਨੂੰ ਪੁੰਨਯ ਦੀ ਦੁਨੀਆਂ ਵਿੱਚ ਲੈ ਚੱਲੋ। ਤਾਂ ਇਹ ਬੱਚੇ ਜੋ ਪੜ੍ਹ ਰਹੇ ਹਨ ਉਹ ਜਾਣਦੇ ਹਨ ਕਿ ਸਾਨੂੰ ਬਾਬਾ ਉਸ ਪੁੰਨਯ ਦੀ ਦੁਨੀਆਂ ਵਿਚ ਲੈ ਜਾ ਰਹੇ ਹਨ। ਤਾਂ ਜੋ ਨਵੇਂ ਸਟੂਡੈਂਟ ਆਉਂਦੇ ਹਨ ਉਨ੍ਹਾਂ ਨੂੰ ਬੱਚਿਆਂ ਤੋਂ ਪੁੱਛਣਾ ਚਾਹੀਦਾ ਹੈ, ਬੱਚਿਆਂ ਤੋਂ ਪੜ੍ਹਨਾ ਚਾਹੀਦਾ ਹੈ। ਉਹ ਆਪਣੇ ਟੀਚਰ ਦਾ ਅਤੇ ਬਾਪ ਦਾ ਆਕੂਪੇਸ਼ਨ ਦੱਸ ਸਕਦੇ ਹਨ। ਬਾਪ ਥੋੜੀ ਆਪਣੀ ਸਰਾਹਨਾ ਆਪ ਬੈਠ ਕਰਣਗੇ, ਟੀਚਰ ਆਪਣੀ ਮਹਿਮਾ ਆਪ ਸੁਣਾਏਗਾ ਕੀ! ਉਹ ਤਾਂ ਸਟੂਡੈਂਟ ਸੁਣਾਉਣਗੇ ਕਿ ਇਹ ਇਵੇਂ ਦਾ ਟੀਚਰ ਹੈ, ਤਾਂ ਕਹਿੰਦੇ ਹਨ ਸਟੂਡੈਂਟਸ ਸ਼ੋਜ਼ ਮਾਸਟਰ। ਤੁਸੀਂ ਬੱਚੇ ਜੋ ਇੰਨਾ ਕੋਰਸ ਪੜ੍ਹ ਕੇ ਆਏ ਹੋ,

ਤੁਹਾਡਾ ਕੰਮ ਹੈ ਨਵਿਆਂ ਨੂੰ ਬੈਠ ਸਮਝਾਉਣਾ। ਬਾਕੀ ਟੀਚਰ ਜੋ ਬੀ. ਏ. ਐਮ. ਏ. ਪੜ੍ਹਾ ਰਹੇ ਹਨ ਉਹ ਬੈਠ ਨਵੇਂ ਸਟੂਡੈਂਟ ਨੂੰ ਏ. ਬੀ. ਸੀ. ਸਿਖਾਉਣਗੇ ਕੀ! ਕੋਈ - ਕੋਈ ਸਟੂਡੈਂਟ ਚੰਗੇ ਹੁਸ਼ਿਆਰ ਹੁੰਦੇ ਹਨ, ਉਹ ਦੂਜਿਆਂ ਨੂੰ ਵੀ ਪੜ੍ਹਾਉਂਦੇ ਹਨ। ਉਸ ਵਿੱਚ ਮਾਤਾ ਗੁਰੂ ਤਾਂ ਮਸ਼ਹੂਰ ਹੈ। ਇਹ ਹੈ ਡੀਟੀ ਧਰਮ ਦੀ ਪਹਿਲੀ ਮਾਤਾ, ਜਿਸ ਨੂੰ ਜਗਦੰਬਾ ਕਹਿੰਦੇ ਹਨ। ਮਾਤਾ ਦੀ ਬਹੁਤ ਮਹਿਮਾ ਹੈ। ਬੰਗਾਲ ਵਿਚ ਕਾਲੀ, ਦੁਰਗਾ, ਸਰਸਵਤੀ ਅਤੇ ਲਕਸ਼ਮੀ ਇਨ੍ਹਾਂ ਚਾਰ ਦੇਵੀਆਂ ਦੀ ਬਹੁਤ ਪੂਜਾ ਕਰਦੇ ਹਨ। ਹੁਣ ਉਨ੍ਹਾਂ ਚਾਰ ਦਾ ਆਕੂਪੇਸ਼ਨ ਤਾਂ ਪਤਾ ਹੋਣਾ ਚਾਹੀਦਾ। ਜਿਵੇਂ ਲਕਸ਼ਮੀ ਹੈ ਤਾਂ ਉਹ ਹੈ ਗਾਈਡ ਆਫ ਵੈਲਥ। ਉਹ ਤਾਂ ਇੱਥੇ ਹੀ ਰਾਜ ਕਰਕੇ ਗਈ ਹੈ। ਬਾਕੀ ਕਾਲੀ, ਦੁਰਗਾ ਆਦਿ ਇਹ ਤਾਂ ਸਭ ਇਸ ਤੇ ਨਾਮ ਪਏ ਹਨ। ਜੇਕਰ ਚਾਰ ਮਾਤਾ ਹੈ ਤਾਂ ਉਨ੍ਹਾਂ ਦੇ ਚਾਰ ਪਤੀ ਵੀ ਹੋਣੇ ਚਾਹੀਦੇ । ਹੁਣ ਲਕਸ਼ਮੀ ਦਾ ਤਾਂ ਨਾਰਾਇਣ ਪਤੀ ਪ੍ਰਸਿੱਧ ਹੈ। ਕਾਲੀ ਦਾ ਪਤੀ ਕੌਣ ਹੈ? (ਸ਼ੰਕਰ) ਪਰ ਸ਼ੰਕਰ ਨੂੰ ਤਾਂ ਪਾਰਵਤੀ ਦਾ ਪਤੀ ਦੱਸਦੇ ਹਨ। ਪਾਰਵਤੀ ਕੋਈ ਕਾਲੀ ਨਹੀਂ ਹੈ। ਬਹੁਤ ਹਨ ਜੋ ਕਾਲੀ ਨੂੰ ਪੂਜਦੇ ਹਨ, ਮਾਤਾ ਨੂੰ ਯਾਦ ਕਰਦੇ ਹਨ ਪਰ ਪਿਤਾ ਦਾ ਪਤਾ ਨਹੀਂ ਹੈ। ਕਾਲੀ ਦਾ ਜਾਂ ਤਾਂ ਪਤੀ ਹੋਣਾ ਚਾਹੀਦਾ ਹੈ ਜਾਂ ਪਿਤਾ ਹੋਣਾ ਚਾਹੀਦਾ ਪਰ ਇਹ ਕਿਸੇ ਨੂੰ ਪਤਾ ਨਹੀਂ ਹੈ।

ਤੁਸੀਂ ਸਮਝਾਉਣਾ ਹੈ ਕਿ ਦੁਨੀਆਂ ਇਹ ਇੱਕ ਹੀ ਹੈ, ਜੋ ਕਿਸੇ ਸਮੇਂ ਦੁੱਖ ਦੀ ਦੁਨੀਆਂ ਅਤੇ ਦੋਜ਼ਕ ਬਣ ਜਾਂਦੀ ਹੈ ਉਹ ਹੀ ਫਿਰ ਸਤਯੁਗ ਵਿੱਚ ਬਹਿਸ਼ਤ ਅਥਵਾ ਸ੍ਵਰਗ ਬਣ ਜਾਂਦੀ ਹੈ। ਲਕਸ਼ਮੀ - ਨਾਰਾਇਣ ਵੀ ਇਸ ਹੀ ਸ੍ਰਿਸ਼ਟੀ ਤੇ ਸਤਿਯੁਗ ਦੇ ਸਮੇਂ ਰਾਜ ਕਰਦੇ ਸਨ। ਬਾਕੀ ਸੂਖਸ਼ਮ ਵਿੱਚ ਤਾਂ ਕੋਈ ਬੈਕੁੰਠ ਹੈ ਨਹੀਂ ਜਿੱਥੇ ਸੂਖਸ਼ਮ ਲਕਸ਼ਮੀ - ਨਾਰਾਇਣ ਹਨ। ਉਨ੍ਹਾਂ ਦੇ ਚਿੱਤਰ ਇੱਥੇ ਹੀ ਹਨ ਤਾਂ ਜਰੂਰ ਇੱਥੇ ਹੀ ਰਾਜ ਕਰਕੇ ਗਏ ਹਨ। ਖੇਲ੍ਹ ਸਾਰਾ ਇਸ ਕਾਰਪੋਰੀਯਲ ਵਰਲਡ ਵਿੱਚ ਚਲਦਾ ਹੈ। ਹਿਸਟ੍ਰੀ ਜੋਗ੍ਰਾਫੀ ਇਸ ਕਾਰਪੋਰੀਯਲ ਵਰਲਡ ਦੀ ਹੈ। ਸੂਖਸ਼ਮਵਤਨ ਦੀ ਕੋਈ ਹਿਸਟ੍ਰੀ - ਜੋਗ੍ਰਾਫੀ ਹੁੰਦੀ ਨਹੀਂ। ਪਰ ਸਾਰੀਆਂ ਗੱਲਾਂ ਨੂੰ ਛੱਡ ਤੁਹਾਨੂੰ ਨਵੇਂ ਜਿਗਿਆਸੂ ਨੂੰ ਪਹਿਲੇ ਅਲਫ਼ ਸਿਖਾਉਣਾ ਹੈ ਫਿਰ ਬੇ ਸਮਝਾਉਣਾ ਹੈ। ਅਲਫ਼ ਹੈ ਗਾਡ, ਉਹ ਸੁਪਰੀਮ ਸੋਲ ਹੈ। ਜੱਦ ਤੱਕ ਇਹ ਪੂਰਾ ਸਮਝਿਆ ਨਹੀਂ ਹੈ ਤੱਦ ਤਕ ਪਰਮਪਿਤਾ ਦੇ ਲਈ ਉਹ ਲਵ ਨਹੀਂ ਜਾਗਦਾ, ਉਹ ਖੁਸ਼ੀ ਨਹੀਂ ਆਉਂਦੀ ਕਿਓਂਕਿ ਪਹਿਲੇ ਜੱਦ ਬਾਪ ਨੂੰ ਜਾਨਣ ਤਾਂ ਉਨ੍ਹਾਂ ਦੇ ਆਕੂਪੇਸ਼ਨ ਨੂੰ ਵੀ ਜਾਣ ਕੇ ਖੁਸ਼ੀ ਵਿੱਚ ਆਉਣ। ਤਾਂ ਖੁਸ਼ੀ ਹੈ ਇਸ ਪਹਿਲੀ ਗੱਲ ਨੂੰ ਸਮਝਣ ਵਿੱਚ। ਗਾਡ ਤਾਂ ਐਵਰਹੈਪੀ ਹੈ, ਆਨੰਦ ਸਵਰੂਪ ਹੈ। ਉਨ੍ਹਾਂ ਦੇ ਅਸੀਂ ਬੱਚੇ ਹਾਂ ਤਾਂ ਕਿਓਂ ਨਾ ਉਹ ਖੁਸ਼ੀ ਆਉਣੀ ਚਾਹੀਦੀ ਹੈ! ਉਹ ਗੁਦਗੁਦੀ ਕਿਓਂ ਨਹੀਂ ਹੁੰਦੀ! ਆਈ ਐਮ ਸਨ ਆਫ ਗੌਡ, ਆਈ ਏਮ ਐਵਰਹੈਪੀ ਮਾਸਟਰ ਗੌਡ। ਉਹ ਖੁਸ਼ੀ ਨਹੀਂ ਆਉਂਦੀ ਤਾਂ ਸਿੱਧ ਹੈ ਆਪਣੇ ਨੂੰ ਸਨ ( ਬੱਚਾ ) ਨਹੀਂ ਸਮਝਦੇ ਹਨ। ਗੌਡ ਇਜ਼ ਐਵਰਹੈਪੀ ਬਟ ਆਈ ਐਮ ਨਾਟ ਹੈਪੀ ਕਿਓਂਕਿ ਫਾਦਰ ਨੂੰ ਨਹੀਂ ਜਾਣਦੇ ਹਨ। ਗੱਲ ਤਾਂ ਸਹਿਜ ਹੈ।

ਕਿਸੇ - ਕਿਸੇ ਨੂੰ ਇਹ ਗਿਆਨ ਸੁਣਨ ਦੇ ਬਦਲੇ ਸ਼ਾਂਤੀ ਚੰਗੀ ਲਗਦੀ ਹੈ ਕਿਓਂਕਿ ਬਹੁਤ ਹਨ ਜੋ ਗਿਆਨ ਉਠਾ ਵੀ ਨਹੀਂ ਸਕਣਗੇ। ਇੰਨਾ ਸਮੇਂ ਕਿੱਥੇ ਰਹੇ ਹਨ। ਬਸ ਇਸ ਅਲਫ਼ ਨੂੰ ਵੀ ਜਾਣਕੇ ਸਾਈਲੈਂਸ ਵਿੱਚ ਰਹੇ ਤਾਂ ਉਹ ਵੀ ਚੰਗਾ ਹੈ। ਜਿਵੇਂ ਸੰਨਿਆਸੀ ਵੀ ਪਹਾੜਾਂ ਦੀ ਕੰਦਰਾਂਵਾਂ ਵਿੱਚ ਜਾਕੇ ਪਰਮਾਤਮਾ ਦੀ ਯਾਦ ਵਿੱਚ ਬੈਠਦੇ ਹਨ। ਉਵੇਂ ਪਰਮਪਿਤਾ ਪਰਮਾਤਮਾ ਦੀ, ਉਸ ਸੁਪ੍ਰੀਮ ਲਾਈਟ ਦੀ ਯਾਦ ਵਿੱਚ ਰਹਿਣ ਤਾਂ ਚੰਗਾ ਹੈ। ਉਸ ਦੀ ਯਾਦ ਵਿਚ ਸੰਨਿਆਸੀ ਵੀ ਨਿਰਵਿਕਾਰੀ ਬਣ ਸਕਦੇ ਹਨ। ਪਰ ਘਰ ਬੈਠੇ ਤਾਂ ਯਾਦ ਕਰ ਨਹੀਂ ਸਕਦੇ। ਉੱਥੇ ਤਾਂ ਬਾਲ ਬੱਚਿਆਂ ਵਿੱਚ ਮੋਹ ਜਾਂਦਾ ਰਹੇਗਾ, ਇਸਲਈ ਤਾਂ ਸੰਨਿਆਸ ਕਰਦੇ ਹਨ। ਹੌਲੀ ਬਣ ਜਾਂਦੇ ਤਾਂ ਉਸ ਵਿੱਚ ਸੁਖ ਤਾਂ ਹੈ ਨਾ। ਸੰਨਿਆਸੀ ਸਭ ਤੋਂ ਚੰਗੇ ਹਨ। ਆਦਿ ਦੇਵ ਵੀ ਸੰਨਿਆਸੀ ਬਣਿਆ ਹੈ ਨਾ। ਇਹ ਸਾਹਮਣੇ ਉਨ੍ਹਾਂ ਦਾ ( ਆਦਿ ਦੇਵ ਦਾ) ਮੰਦਿਰ ਖੜਿਆ ਹੈ, ਜਿੱਥੇ ਤਪੱਸਿਆ ਕਰ ਰਹੇ ਹਨ। ਗੀਤਾ ਵਿੱਚ ਵੀ ਕਹਿੰਦੇ ਹਨ ਦੇਹ ਦੇ ਸਾਰੇ ਧਰਮਾਂ ਦਾ ਸੰਨਿਆਸ ਕਰੋ। ਉਹ ਸੰਨਿਆਸ ਕਰ ਜਾਂਦੇ ਤਾਂ ਮਹਾਤਮਾ ਬਣ ਜਾਂਦੇ ਹਨ। ਗ੍ਰਿਹਸਥੀ ਨੂੰ ਮਹਾਤਮਾ ਕਹਿਣਾ ਬੇਕਾਇਦੇ ਹੈ। ਤੁਹਾਨੂੰ ਤਾਂ ਪਰਮਾਤਮਾ ਨੇ ਆਕੇ ਸੰਨਿਆਸ ਕਰਾਇਆ ਹੈ। ਸੰਨਿਆਸ ਕਰਦੇ ਹੀ ਹਨ ਸੁਖ ਦੇ ਲਈ। ਮਹਾਤਮਾ ਕਦੀ ਦੁਖੀ ਨਹੀਂ ਹੁੰਦੇ। ਰਾਜੇ ਵੀ ਸੰਨਿਆਸ ਕਰਦੇ ਹਨ ਤਾਂ ਤਾਜ ਆਦਿ ਸੁੱਟ ਦਿੰਦੇ ਹਨ। ਜਿਵੇਂ ਗੋਪੀਚੰਦ ਨੇ ਸੰਨਿਆਸ ਕੀਤਾ, ਤਾਂ ਜਰੂਰ ਇਸ ਵਿੱਚ ਸੁਖ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਕੋਈ ਵੀ ਉਲਟਾ ਕਰਮ ਛਿਪਕੇ ਨਹੀਂ ਕਰਨਾ ਹੈ। ਬਾਪਦਾਦਾ ਤੋਂ ਕੋਈ ਵੀ ਗੱਲ ਛੁਪਾਉਣੀ ਨਹੀਂ ਹੈ। ਬਹੁਤ - ਬਹੁਤ ਸਾਵਧਾਨ ਰਹਿਣਾ ਹੈ।

**2.** ਸਟੂਡੈਂਟ ਸ਼ੋਜ਼ ਮਾਸਟਰ, ਜੋ ਪੜ੍ਹਿਆ ਹੈ ਉਹ ਦੂਜਿਆਂ ਨੂੰ ਪੜ੍ਹਾਉਣਾ ਹੈ। ਐਵਰਹੈਪੀ ਗੌਡ ਦੇ ਬੱਚੇ ਹਨ, ਇਸ ਸਮ੍ਰਿਤੀ ਨਾਲ ਅਪਾਰ ਖੁਸ਼ੀ ਵਿੱਚ ਰਹਿਣਾ ਹੈ।

ਵਰਦਾਨ:- ਵਿਕਰਾਂ ਰੂਪੀ ਸੱਪ ਨੂੰ ਵੀ ਸੈਆਂ ਬਣਾਉਣ ਵਾਲੇ ਵਿਸ਼ਨੂੰ ਦੇ ਸਮਾਂ ਸਦਾ ਵਿਜੈ , ਨਿਸ਼ਚਿੰਤ ਭਵ

ਜੋ ਵਿਸ਼ਨੂੰ ਦੀ ਸ਼ੈਸ਼ ਸ਼ੈਆਂ ਦਿਖਾਉਦੇ ਹਨ ਇਹ ਤੁਸੀਂ ਵਿਜੇਈ ਬੱਚਿਆਂ ਦੇ ਸਹਿਯੋਗੀ ਜੀਵਨ ਦੀ ਯਾਦਗਾਰ ਹੈ।

ਸਹਿਯੋਗ ਦਵਾਰਾ ਵਿਕਾਰਾਂ ਰੂਪੀ ਸੱਪ ਵੀ ਅਧੀਨ ਹੋ ਜਾਂਦੇ ਹਨ। ਜੋ ਬੱਚੇ ਵਿਕਾਰਾਂ ਰੂਪੀ ਸੱਪਾਂ ਤੇ ਵਿਜੇ ਪ੍ਰਾਪਤ ਕਰ ਉਹਨਾਂ ਨੂੰ ਅਰਾਮ ਦੀ ਸ਼ੈਆਂ ਬਣਾ ਦਿੰਦੇ ਹਨ ਉਹ ਸਦਾ ਵਿਸ਼ਨੂੰ ਦੇ ਸਮਾਨ ਸਦਾ ਹਰਸ਼ਿਤ ਅਤੇ ਨਿਸ਼ਚਿੰਤ ਰਹਿੰਦੇ ਹਨ। ਤਾਂ ਸਦਾ ਇਹ ਚਿੱਤਰ ਆਪਣੇ ਸ੍ਾਮਣੇ ਦੇਖੋ ਕਿ ਵਿਕਾਰਾਂ ਨੂੰ ਅਧੀਨ ਕੀਤਾ ਹੋਇਆ ਅਧਿਕਾਰੀ ਹਾਂ। ਆਤਮਾ ਸਦਾ ਅਰਾਮ ਦੀ ਸਥਿਤੀ ਵਿੱਚ ਨਿਸ਼ਚਿੰਤ ਹੈ।

ਸਲੋਗਨ:- ਬਾਲਕ ਸੋ ਮਾਲਕ ਪਨ ਦੇ ਬੈਲੇਂਸ ਨਾਲ ਪਲੈਨ ਨੂੰ ਪ੍ਰੈਕਟੀਕਲ ਵਿੱਚ ਲਿਆਓ।

******

ਅਵਿਅਕਤ ਇਸ਼ਾਰੇ :- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਆਪਣੀ ਹਰ ਕਰਮਇੰਦਰੀ ਦੀ ਸ਼ਕਤੀ ਨੂੰ ਇਸ਼ਾਰਾ ਕਰੋ ਤਾਂ ਇਸ਼ਾਰੇ ਨਾਲ ਹੀ ਜਿਵੇਂ ਚਾਹੋ ਉਵੇਂ ਚਲਾ ਸਕੋ। ਇਵੇਂ ਕਰਮਇੰਦਰੀਜਿੱਤ ਬਣੋ ਉਦੋਂ ਫਿਰ ਪ੍ਰਕ੍ਰਿਤੀਜਿੱਤ ਬਣੋ ਉਦੋਂ ਫਿਰ ਪ੍ਰਕ੍ਰਿਤੀਜਿੱਤ ਬਣ ਕਰਮਾਤੀਤ ਸਥਿਤੀ ਦੇ ਆਸਨਧਾਰੀ ਸੋ ਵਿਸ਼ਵ ਰਾਜ ਅਧਿਕਾਰੀ ਬਣੋਗੇ। ਹਰ ਕਰਮਿੰਦਰੀ "ਜੀ ਹਜ਼ੂਰ" "ਜੀ ਹਜ਼ੂਰ" ਕਰਦੀ ਚਲੇ। ਤੁਸੀਂ ਰਾਜ ਅਧਿਕਾਰੀ ਦਾ ਸਦਾ ਸਵਾਗਤ ਮਤਲਬ ਸਲਾਮ ਕਰਦੀ ਰਹੇ ਉਦੋਂ ਕਰਮਾਤੀਤ ਬਣ ਸਕੋਂਗੇ।